File No.PSEB-AFF0S029(T002)/11/2021-AS 07-AFF BRANCH-PSEB

ਹੁਕਮ ਚੇਅਰਮੈਨ, ਪੰਜਾਬ ਸਕੂਲ ਸਿੱਖਿਆ ਬੋਰਡ

1. ਪੰਜਾਬ ਸਕੂਲ ਸਿੱਖਿਆ ਬੋਰਡ ਐਕਟ 1969, ਸੋਧਿਆ ਐਕਟ 1987,2000 ਅਤੇ 2005 ਦੀ ਧਾਰਾ 16 ਅਤੇ 17 ਅਧੀਨ **ਭਾਰਤੀ ਵਿਦਿਆ ਮੰਦਿਰ ਸੀਨੀਅਰ ਸੈਕੰਡਰੀ ਸਕੂਲ ਫੇਜ਼-3, ਅਰਬਨ ਅਸਟੇਟ, ਦੁਗਰੀ (ਲੁਧਿਆਣਾ)** ਨੂੰ ਸੀਨੀਅਰ ਸੈਕੰਡਰੀ (ਕਾਮਰਸ) ਪੱਧਰ ਤੱਕ ਵਿਦਿਅਕ ਸਾਲ 2022-23 ਤੋਂ ਆਰਜ਼ੀ ਐਫੀਲੀਏਸਨ ਦਿੱਤੀ ਜਾਂਦੀ ਹੈ।
2. ਸੰਸਥਾ ਨੂੰ **01-04-2022 ਤੋਂ ਵਿੱਦਿਅਕ ਸਾਲ 2022-23 ਲਈ ਕੇਵਲ ਗਿਆਰ੍ਹਵੀਂ (ਕਾਮਰਸ) ਸ੍ਰੇਣੀ ਦੇ** ਪੱਧਰ ਤੱਕ ਦਾਖਲਾ ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।
3. ਸੰਸਥਾ ਨੂੰ **ਸੀਨੀਅਰ ਸੈਕੰਡਰੀ (ਕਾਮਰਸ) ਪੱਧਰ ਲਈ ਕੇਵਲ 50 ਵਿਦਿਆਰਥੀਆਂ ਦੇ ਇੱਕ ਸੈਕਸ਼ਨ** ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।

ਇਹ ਆਰਜ਼ੀ ਸਬੰਧਤਾ ਨਿਮਨ ਸ਼ਰਤਾਂ ਤੇ ਹੋਵੇਗੀ:-

ੳ. ਸੰਸਥਾ ਵੱਲੋਂ ਐਫੀਲੀਏਸ਼ਨ ਵਿਨਿਯਮਾਂ ਅਤੇ ਇਸ ਵਿੱਚ ਸਮੇਂ-2 ਕੀਤੀਆਂ ਜਾਂਦੀਆਂ ਸੋਧਾਂ ਦੀ ਇੰਨ ਬਿੰਨ ਪਾਲਣਾ ਕੀਤੀ ਜਾਵੇ।

ਅ. ਸੰਸਥਾ, ਐਫੀਲੀਏਸ਼ਨ ਵਿਨਿਯਮ ਦੀ ਧਾਰਾ 11 ਅਨੁਸਾਰ, ਹਰ ਸਾਲ (Preceding Year) 15 ਸਤੰਬਰ ਤੋਂ ਪਹਿਲਾਂ ਸਲਾਨਾ ਪ੍ਰਗਤੀ ਰਿਪੋਰਟ (ਅਨੁਲੱਗ-ਬੀ ਪ੍ਰੋਫਾਰਮਾ ਸਮੇਤ ਦਸਤਾਵੇਜ, ਫੀਸ) Affiliation ਦੇ Online E-Portal ਰਾਹੀਂ ਜਮ੍ਹਾ ਕਰਵਾਏਗੀ। ਐਫੀਲੀਏਸ਼ਨ ਦੀ ਮਿਆਦ ਦੇ ਸਾਲ ਦਰ ਸਾਲ ਵਾਧੇ ਲਈ, ਸੰਸਥਾ ਵੱਲੋਂ ਹਰ ਸਾਲ ਅਰਥਾਤ 15 ਸਤੰਬਰ ਤੱਕ ਨਿਰਧਾਰਤ ਵਾਧਾ ਫੀਸ ਸਮੇਤ ਪ੍ਰਗਤੀ ਰਿਪੋਰਟ Online E-Portal ਰਾਹੀਂ ਜਮ੍ਹਾ ਕਰਵਾਉਣੀ ਜਰੂਰੀ ਹੈ। ਜੇਕਰ ਐਫੀਲੀਏਸ਼ਨ ਪੱਤਰ ਮਿਤੀ 15 ਸਤੰਬਰ ਤੋਂ ਬਾਅਦ ਜਾਰੀ ਕੀਤਾ ਗਿਆ ਹੈ ਤਾਂ ਪੱਤਰ ਜਾਰੀ ਹੋਣ ਤੋਂ 15 ਦਿਨਾਂ ਦੇ ਅੰਦਰ-ਅੰਦਰ ਸਮੇਤ ਫੀਸ ਪ੍ਰਗਤੀ ਰਿਪੋਰਟ Online E-Portal ਰਾਹੀਂ ਜਮ੍ਹਾ ਕਰਵਾਈ ਜਾਵੇ।

ੲ. ਵਿਨਿਯਮਾਂ ਦੀ ਕਿਸੇ ਵੀ ਸਟੇਜ ਤੇ ਕੀਤੀ ਗਈ ਉਲੰਘਣਾ ਨੂੰ ਗੰਭੀਰਤਾ ਨਾਲ ਲਿਆ ਜਾਵੇਗਾ ਅਤੇ ਸੰਸਥਾ ਵਿਰੁੱਧ ਵਿਨਿਯਮਾਂ ਅਧੀਨ ਕਾਰਵਾਈ ਕੀਤੀ ਜਾਵੇਗੀ।

ਸ. ਸੰਸਥਾ, ਬੋਰਡ ਵੱਲੋਂ ਨਿਰਧਾਰਤ ਪਾਠ-ਕ੍ਰਮ ਅਨੁਸਾਰ ਲਗਾਈਆਂ ਪੁਸਤਕਾਂ ਹੀ ਪੜ੍ਹਾਏਗੀ ਅਤੇ ਵਿਦਿਆਰਥੀਆਂ ਤੋਂ ਫੀਸਾਂ ਵੀ ਵਿਨਿਯਮਾਂ ਅਨੁਸਾਰ ਹੀ ਲਈਆਂ ਜਾਣਗੀਆਂ।

ਹ. ਨਮਿਤ ਕੁਮਾਰ V/s ਚੰਡੀਗੜ੍ਹ ਪ੍ਰਸ਼ਾਸਨ ਅਤੇ ਹੋਰ ਕੇਸ ਵਿੱਚ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਅਤੇ ਸੁਪਰੀਮ ਕੋਰਟ ਵੱਲੋਂ ਲਿਆ ਗਿਆ ਟ੍ਰੈਫਿਕ ਨਿਯਮਾਂ ਬਾਰੇ ਫੈਸਲਾ ਸੰਸਥਾ ਤੇ ਇੰਨ ਬਿੰਨ ਲਾਗੂ ਹੋਵੇਗਾ।

ਕ. ਸੰਸਥਾ, ਆਪਣੇ ਟੀਚਿੰਗ ਸਟਾਫ ਨੂੰ ਐਫੀਲੀਏਸ਼ਨ ਵਿਨਿਯਮ 7(iii) ਅਨੁਸਾਰ ਘੱਟੋ-ਘੱਟ ਸਰਕਾਰੀ ਸਕੇਲ ਦੀ ਮੁੱਢਲੀ ਤਨਖਾਹ ਦੇ ਬਰਾਬਰ ਦੀ ਅਦਾਇਗੀ Account Payee's Cheque ਰਾਹੀਂ ਅਦਾ ਕਰੇਗੀ।

ਖ. ਪਿਛਲੇ ਪੰਨੇ ਤੇ ਦਰਜ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਵੀ ਕੀਤੀ ਜਾਵੇ।

i) ਸੰਸਥਾ ਨੂੰ ਮੈਟ੍ਰਿਕ ਪੱਧਰ ਲਈ ਪਹਿਲਾਂ ਜਾਰੀ ਸਨਾਖਤੀ ਨੰ: ~~8599~~ ਰੱਦ ਕੀਤਾ ਜਾਂਦਾ ਹੈ

ii) ਸੰਸਥਾ ਨੂੰ ***ਸੀਨੀਅਰ ਸੈਕੰਡਰੀ ਪੱਧਰ ਦਾ ਸਨਾਖਤੀ ਨੰ: 4556 ਅਲਾਟ ਕੀਤਾ ਜਾਂਦਾ ਹੈ।***

ਮਿਤੀ: 07-06-2022

ਸਕੱਤਰ
ਪੰਜਾਬ ਸਕੂਲ ਸਿੱਖਿਆ ਬੋਰਡ

ਨੰਬਰ (E- 58974) ਐਫੀ:/ਪਸਸਬ-2022/1477 To 1486 ਮਿਤੀ: 20/6/2022

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਲਈ ਭੇਜਿਆ ਜਾਂਦਾ ਹੈ

1. ਨਿੱਜੀ ਸਕੱਤਰ ਟੂ ਚੇਅਰਮੈਨ,ਵਾਈਸ ਚੇਅਰਮੈਨ ਨਿੱਜੀ ਸਕੱਤਰ/ ਸਕੱਤਰ ਟੂ ਚੇਅਰਮੈਨ / ਵਾਈਸ ਚੇਅਰਮੈਨ ਅਤੇ ਸਕੱਤਰ ਜੀ ਦੀ ਸੂਚਨਾ ਹਿੱਤ।
2. ਕੰਟਰੋਲਰ (ਪ੍ਰੀਖਿਆਵਾਂ)
3. ਉਪ ਸਕੱਤਰ, ਵਿਦਿਅਕ ਯੋਜਨਾ ਅਤੇ ਪੰਜਾਬੀ ਵਿਕਾਸ ਸੈਲ (ਓਪਨ ਸਕੂਲ)
4. ਸਹਾਇਕ ਸਕੱਤਰ (ਕਾਰਜ ਸੰਚਾਲਨ ਸਾਖਾ)
5. ਸਹਾਇਕ ਸਕੱਤਰ, (ਰਜਿ:/ਮਾਈ:)
6. ਜਿਲ੍ਹਾ ਸਿੱਖਿਆ ਅਫਸਰ (ਸ) ਲੁਧਿਆਣਾ।
7. ਜਿਲ੍ਹਾ ਮੈਨੇਜਰ, ਖੇਤਰੀ ਦਫਤਰ, ਪੰਜਾਬ ਸਕੂਲ ਸਿੱਖਿਆ ਬੋਰਡ, ਲੁਧਿਆਣਾ।
8. ਸਬੰਧਤ ਸੰਸਥਾ ਮੁੱਖੀ (9815937300) Email-BVMSCHOOLDUGRI@yahoo.com
9. ਜਿਲ੍ਹਾ ਨਗਰ ਯੋਜਨਾਕਾਰ, ਲੁਧਿਆਣਾ (ਨਗਰ ਅਤੇ ਗ੍ਰਾਮ ਯੋਜਨਾ ਬੰਦੀ ਵਿਭਾਗ, ਪੰਜਾਬ।)
10. ਜੂਨੀਅਰ ਸਹਾਇਕ/ਰਿਕਾਰਡਰ (ਐਫੀਲੀਏਸ਼ਨ)।

20/06/2022

ਸਹਾਇਕ ਸਕੱਤਰ (ਐਫੀਲੀਏਸ਼ਨ)
ਵਾ: ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ।

ਹਦਾਇਤਾਂ:-

1. ਬੋਰਡ ਵੱਲੋਂ ਪ੍ਰਵਾਨਿਤ ਪਾਠ ਪੁਸਤਕਾਂ ਦੀ ਖਰੀਦ ਸਿੱਧੇ ਤੌਰ ਤੇ ਬੋਰਡ ਦੇ ਸਬੰਧਤ ਪਾਠ ਪੁਸਤਕਾਂ ਵਿਕਰੀ ਡਿੱਪੂ ਤੋ ਕੀਤੀ ਜਾਵੇ ਅਤੇ ਖਰੀਦ ਕੀਤੀਆਂ ਕਿਤਾਬਾਂ ਦੇ ਤਸਦੀਕ ਸ਼ੁਦਾ ਬਿੱਲ (ਅਨੁਲੱਗ -ਬੀ) ਰਿਪੋਰਟ ਨਾਲ ਭੇਜੇ ਜਾਣ ਅਤੇ ਪੰਜਾਬ ਸਕੂਲ ਸਿੱਖਿਆ ਵੱਲੋਂ ਪ੍ਰਕਾਸ਼ਿਤ ਪਾਠ ਪੁਸਤਕਾਂ ਪੜਾਈਆਂ ਜਾਣ।
2. ਪੂਰਵ ਪੰਨੇ ਤੇ (ਅ) ਅਨੁਸਾਰ ਵਾਧਾ ਫੀਸ ਅਤੇ ਅਨੁਲੱਗ-ਬੀ ਸਮੇਤ ਦਸਤਾਵੇਜ ਇਸੇ ਸਾਲ 15 ਸਤੰਬਰ ਤੋ ਪਹਿਲਾਂ ਪਹਿਲਾਂ Online E-Portal ਰਾਹੀਂ ਸਮੇਤ ਫੀਸ ਜਮ੍ਹਾਂ ਕਰਵਾਏ ਜਾਣ। ਸਮੇਂ ਸਿਰ ਸ਼ਰਤਾਂ ਦੀ ਪਾਲਣਾ ਨਾ ਕਰਨ ਦੀ ਸੂਰਤ ਵਿੱਚ ਐਫੀਲੀਏਸ਼ਨ ਵਿਨਿਯਮ-11 ਅਨੁਸਾਰ ਸੰਸਥਾ ਵਿਰੁੱਧ ਕਾਰਵਾਈ ਕੀਤੀ ਜਾਵੇਗੀ।
3. ਪ੍ਰਾਪਤ ਕੀਤੀ ਐਫੀਲੀਏਸ਼ਨ ਦੇ ਪ੍ਰਵਾਨ/ਨਿਰਧਾਰਤ ਸੈਕਸ਼ਨ ਅਨੁਸਾਰ ਹੀ ਸ਼੍ਰੇਣੀਵਾਈਜ਼ ਦਾਖਲਾ ਕੀਤਾ ਜਾਵੇ। ਇਸ ਤੋਂ ਵੱਧ ਦਾਖਲਾ ਕਰਨ, ਦਾਖਲੇ ਦੀ ਨਿਰਧਾਰਤ ਮਿਤੀ ਤੋਂ ਬਾਅਦ ਵਾਧੂ ਵਿਦਿਆਰਥੀ/ਵਾਧੂ ਸੈਕਸ਼ਨ ਦੀ ਪ੍ਰਵਾਨਗੀ ਲਈ ਰੈਗੁਲਰ ਦਾਖਲਿਆਂ ਦੀ ਅੰਤਮ ਮਿਤੀ ਤੋ ਇੱਕ ਮਹੀਨੇ ਦੇ ਅੰਦਰ-ਅੰਦਰ ਤੱਕ ਨਿਰਧਾਰਤ ਪ੍ਰੋਫਾਰਮੇ ਅਤੇ ਫੀਸ ਸਮੇਤ Online E-Portal ਰਾਹੀਂ ਅਪਲਾਈ ਕਰਨਾ ਜ਼ਰੂਰੀ ਹੈ। ਜੇਕਰ ਸੰਸਥਾ ਹਦਾਇਤਾਂ ਅਨੁਸਾਰ ਕਾਰਵਾਈ ਨਹੀਂ ਕਰਦੀ ਤਾਂ ਅਜਿਹੀ ਕੁਤਾਹੀ ਲਈ ਸੰਸਥਾ ਖਿਲਾਫ ਵਿਨਿਯਮਾਂ ਅਨੁਸਾਰ ਕਾਰਵਾਈ ਕੀਤੀ ਜਾਵੇਗੀ ਜਿਸ ਦੀ ਸਾਰੀ ਜਿੰਮੇਵਾਰੀ ਸੰਸਥਾ ਦੀ ਆਪਣੀ ਹੋਵੇਗੀ।
4. ਸੰਸਥਾ ਵੱਲੋਂ ਗਰਮੀ/ਸਰਦੀ ਦੀਆਂ ਛੁੱਟੀਆਂ, ਹਰ ਸਾਲ ਪੰਜਾਬ ਸਰਕਾਰ ਦੇ ਸਰਕਾਰੀ ਸਕੂਲਾਂ ਲਈ ਜਾਰੀ ਕੀਤੇ ਜਾਂਦੇ ਨਿਰਧਾਰਤ ਛੁੱਟੀਆਂ ਦੇ ਸ਼ਡਿਊਲ ਅਨੁਸਾਰ ਹੀ ਕੀਤੀਆਂ ਜਾਣ।
5. ਕਿਸੇ ਵੀ ਅਣਟ੍ਰੇਂਡ ਅਧਿਆਪਕ ਨੂੰ ਤਜ਼ਰਬਾ ਸਰਟੀਫਿਕੇਟ ਜਾਰੀ ਨਾ ਕੀਤਾ ਜਾਵੇ। ਟ੍ਰੇਂਡ ਅਧਿਆਪਕ ਨੂੰ ਤਜ਼ਰਬਾ ਸਰਟੀਫਿਕੇਟ ਜਾਰੀ ਕਰਨ ਵੇਲੇ ਇਹ ਯਕੀਨੀ ਬਣਾਇਆ ਜਾਵੇ ਕਿ ਕੀ ਉਸਦੀ ਨਿਯੁਕਤੀ/ਐਗਰੀਮੈਂਟ ਠੀਕ ਢੰਗ ਨਾਲ ਕੀਤੀ ਗਈ ਹੈ ਅਤੇ ਕੀ ਸਬੰਧਤ ਦੀ ਵੇਰਵਿਆਂ ਸਹਿਤ ਸੂਚਨਾ ਅਨੁਲੱਗ-ਬੀ ਸਲਾਨਾਂ ਪ੍ਰਗਤੀ ਰਿਪੋਰਟ ਰਾਹੀਂ ਹਰ ਸਾਲ ਜਮ੍ਹਾਂ /**Online E-Portal ਅਪਲੋਡ** ,ਕਰਕੇ ਬੋਰਡ ਨੂੰ ਭੇਜੀ ਗਈ ਹੈ ? ਇਸ ਉਪਰੰਤ ਹੀ ਤਜਰਬਾ ਸਰਟੀਫਿਕੇਟ ਪ੍ਰਤੀ ਹਸਤਾਖਰ ਕੀਤਾ ਜਾਵੇਗਾ।
6. ਦਫਤਰ ਵੱਲੋਂ ਨਿਰਧਾਰਤ/ਪ੍ਰਕਾਸ਼ਿਤ ਕੀਤੇ ਗਏ ਦਾਖਲਾ ਖਾਰਜ ਰਜਿਸਟਰ ਹੀ ਲਗਾਏ ਜਾਣ ਅਤੇ ਇਨ੍ਹਾਂ ਨੂੰ ਮੇਨਟੇਨ ਕਰਨ ਵੇਲੇ ਵਿਦਿਆਰਥੀਆਂ ਦੇ ਵੇਰਵੇ ਸਬੂਤਾ ਸਹਿਤ, ਸਹੀ-ਸਹੀ ਅੰਕਿਤ ਕੀਤੇ ਜਾਣ। ਕਿਸੇ ਕਿਸਮ ਦੀ ਕਟਿੰਗ, ਓਵਰ-ਰਾਈਟਿੰਗ ਕਰਨੀ ਵਿਨਿਯਮਾਂ ਦੀ ਉਲੰਘਣਾ ਸਮਝੀ ਜਾਵੇਗੀ। ਇਸ ਲਈ ਦਾਖਲਾ ਖਾਰਜ ਰਜਿਸਟਰ ਦੀ ਪਾਰਦਰਸ਼ਤਾਹਰ ਹਾਲਤ ਵਿੱਚ ਯਕੀਨੀ ਬਣਾਈ ਜਾਵੇ।
7. ਸੰਸਥਾ ਵਿੱਚ ਨਿਯੁਕਤ ਕੀਤੇ **ਅਧਿਆਪਕਾਂ/ਕਰਮਚਾਰੀਆਂ ਨੂੰ ਵਿਨਿਯਮਾਂ ਤਹਿਤ ਦਿੱਤੀ ਜਾਂਦੀ ਤਨਖਾਹ Account Payee's Cheque** ਰਾਹੀਂ ਅਦਾ ਕਰਨ ਦਾ ਪੁਖਤਾ ਸਬੂਤ ਵੀ ਸਾਲਾਨਾ ਪ੍ਰਗਤੀ ਰਿਪੋਰਟ(ਅਨੁਲੱਗ-ਬੀ) ਨਾਲ ਭੇਜਿਆ ਜਾਵੇ।
8. ਦਾਖਲਾ ਖਾਰਜ ਰਜਿਸਟਰ ਵਿੱਚ ਵੇਰਵੇ ਪੰਜਾਬੀ ਅਤੇ ਅੰਗਰੇਜੀ ਦੋਵੇਂ ਭਾਸ਼ਾਵਾਂ ਵਿੱਚ ਦਰਜ਼ ਕੀਤੇ ਜਾਣ ।
9. ਸਮਰੱਥ ਅਥਾਰਟੀ ਵੱਲੋਂ ਹੋਏ ਹੁਕਮਾਂ ਦੀ ਲੋਅ ਵਿੱਚ ਐਫੀਲੀਏਸ਼ਨ ਅਪਗ੍ਰੇਡ ਕਰਨ ਸਬੰਧੀ ਇਸ ਪੱਤਰ ਦੇ ਜਾਰੀ ਹੋਣ ਦੀ ਮਿਤੀ ਤੋਂ ਕੇਵਲ ਸੈਸ਼ਨ 2022-23 ਲਈ Without Late Fees ਵਿਦਿਆਰਥੀ ਦਾਖਲ/ਰਜਿਸਟਰ ਕਰਨ ਲਈ ਇੱਕ ਮਹੀਨੇ ਦਾ ਵਾਧੂ ਸਮਾਂ ਦਿੱਤਾ ਜਾਂਦਾ ਹੈ। ਇਸ ਸਬੰਧੀ ਤੁਰੰਤ ਰਜਿਸਟ੍ਰੇਸ਼ਨ ਸ਼ਾਖਾ ਨਾਲ ਤਾਲਮੇਲ ਕੀਤਾ ਜਾਵੇ।
10. ਪੰਜਾਬ ਸਰਕਾਰ ਸਿੱਖਿਆ ਵਿਭਾਗ, ਸਿੱਖਿਆ-3 ਸ਼ਾਖਾ ਵੱਲੋਂ CLU ਸਬੰਧੀ ਜਾਰੀ ਪੱਤਰ ਨੰ: 06-01-2022 ਅਤੇ CLU ਸਬੰਧੀ ਬੋਰਡ ਦੇ ਐਫੀਲੀਏਸ਼ਨ ਵਿਨਿਯਮ 7(c) ਅਨੁਸਾਰ ਬਿਲਡਿੰਗ ਪਲਾਨ ਸਬੰਧੀ ਲਾਗੂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਈ ਜਾਵੇ। (ਸਬੰਧਤ ਪੱਤਰ ਅਤੇ ਵਿਨਿਯਮ ਦੀ ਕਾਪੀ ਬੋਰਡ ਦੀ ਵੈਂਬ ਸਾਈਟ ਤੇ ਅਪਲੋਡਡ ਹਨ।)

ਸਹੀ/-
ਸਕੱਤਰ
ਪੰਜਾਬ ਸਕੂਲ ਸਿੱਖਿਆ ਬੋਰਡ